## ਆਰਜ਼ੀ ਬਦੇਸ਼ੀ ਵਰਕਰਾਂ (ਟੀ ਐੱਫ ਡਬਲਯੂਜ਼) ਲਈ ਮਦਦ ਕਿੱਥੋਂ ਲੱਭਣੀ ਹੈ?

ਮੋਜ਼ੈਕ ਵਿਖੇ **ਆਈ ਐੱਮ. ਪੌਵਰ. ਈ ਡੀ** ਬੀ ਸੀ ਵਿਚਲੇ ਸਾਰੇ ਟੀ ਐੱਫ ਡਬਲਯੂਜ਼ ਲਈ ਮੁਫਤ ਕਾਨੂੰਨੀ **ਜਾਣਕਾਰੀ, ਸਿਖਿਆ ਅਤੇ ਸੇਵਾਵਾਂ** ਪੇਸ਼ ਕਰਦੀ ਹੈ। ਕਿਰਪਾ ਕਰਕੇ 604 254 9626 ’ਤੇ ਫੋਨ ਕਰੋ।

**ਆਈ ਐੱਮ. ਪੌਵਰ. ਈ ਡੀ, ਟੀ ਐੱਫ ਡਬਲਯੂਜ਼ ਲਈ ਆਉਣ ਦੇ ਮੁਫਤ ਅਤੇ ਸੁਰੱਖਿਅਤ ਸੈਂਟਰ** ਚਲਾਉਂਦਾ ਹੈ। ਅਸੀਂ ਸੋਮਵਾਰ ਨੂੰ ਸ਼ਾਮ ਦੇ 7:00 ਵਜੇ ਤੋਂ ਸ਼ਾਮ ਦੇ 9:00 ਵਜੇ ਤੱਕ ਖੁੱਲ੍ਹੇ ਹੁੰਦੇ ਹਾਂ।
ਮੋਜ਼ੈਕ ਦੀ ਪਹਿਲੀ ਮੰਜ਼ਲ,
1720 ਗਰਾਂਟ ਸਟਰੀਟ (ਕਮਰਸ਼ੀਅਲ ਡਰਾਈਵ ’ਤੇ)
ਵੈਨਕੂਵਰ, ਬੀ ਸੀ V5L 2Y7

ਮੋਜ਼ੈਕ ਦਾ **ਲੀਗਲ ਐਡਵੋਕੇਸੀ ਪ੍ਰੋਗਰਾਮ** ਬੀ ਸੀ ਵਿਚ ਯੋਗ ਟੀ ਐੱਫ ਡਬਲਯੂਜ਼ ਲਈ ਮੌਜੂਦ ਹੈ। ਕਾਨੂੰਨ ਦੇ ਜਿਹੜੇ ਖੇਤਰ ਕਵਰ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਇਮੀਗਰੇਸ਼ਨ, ਰੁਜ਼ਗਾਰ ਦੇ ਮਿਆਰ, ਆਮਦਨ ਸਹਾਇਤਾ ਅਤੇ ਅਪਾਹਜਤਾ ਸ਼ਾਮਲ ਹਨ। ਅਪੌਇੰਟਮੈਂਟਾਂ: ਮੰਗਲਵਾਰ ਅਤੇ ਵੀਰਵਾਰ ਨੂੰ
1720 ਗਰਾਂਟ ਸਟਰੀਟ, ਵੈਨਕੂਵਰ ਵਿਖੇ
ਫੋਨ: 604 254 9626*

* ਟੈਲੀਫੋਨ ’ਤੇ ਕਾਨੂੰਨੀ ਸਲਾਹ ਨਹੀਂ ਦਿੱਤੀ ਜਾਂਦੀ; ਤੁਹਾਡੇ ਲਈ ਅਪੌਇੰਟਮੈਂਟ ਬਣਾਉਣਾ ਜ਼ਰੂਰੀ ਹੈ।


**ਆਈ ਐੱਮ. ਪੌਵਰ. ਈ ਡੀ**

1720 Grant St, 2nd Floor
Vancouver, BC V5L 2Y7
ਫੋਨ: 604 254 9626
ਫੈਕਸ: 604 254 3932
www.mosaicbc.com


© MOSAIC 2010

ਆਈ ਐੱਮ. ਪੌਵਰ. ਈ ਡੀ

# ਬ੍ਰਿਟਿਸ਼ ਕੋਲੰਬੀਆ ਵਿਚਲੇ ਆਰਜ਼ੀ ਬਦੇਸ਼ੀ ਵਰਕਰ (ਟੀ ਐੱਫ ਡਬਲਯੂਜ਼)

## ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼)



## ਬ੍ਰਿਟਿਸ਼ ਕੋਲੰਬੀਆ ਵਿਚਲੇ ਟੀ ਐੱਫ ਡਬਲਯੂਜ਼ ਦੇ ਕਾਨੂੰਨੀ ਹੱਕ ਅਤੇ ਜ਼ਿੰਮੇਵਾਰੀਆਂ:

## ਇਮੀਗਰੇਸ਼ਨ ਅਤੇ ਰੁਜ਼ਗਾਰ

MOSAIC **www.mosaicbc.com**

ਫੰਡ ਇਸ ਤੋਂ ਮਿਲੇ:
THE LAW FOUNDATION OF BRITISH COLUMBIA

## ਕੀ ਘੱਟ ਹੁਨਰਾਂ ਵਾਲੇ ਕਿੱਤਿਆਂ ਦੇ ਪਾਇਲਟ ਪ੍ਰੋਜੈਕਟ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰ ਪ੍ਰਮਾਨੈਂਟ ਰੈਜ਼ੀਡੈਂਟ ਵੀਜ਼ਾ ਲੈ ਸਕਦੇ ਹਨ?

ਜਿਹੜੇ ਲੋਕ ਬੀ ਸੀ ਵਿਚ ਕਿਸੇ ਅਜਿਹੇ ਕਿੱਤੇ ਵਿਚ ਕੰਮ ਕਰਨ ਲਈ ਟੈਂਪਰੇਰੀ ਰੈਜ਼ੀਡੈਂਟ (ਆਰਜ਼ੀ ਵਸਨੀਕ ਦੇ) ਵੀਜ਼ੇ ਅਤੇ ਟੈਂਪਰੇਰੀ (ਆਰਜ਼ੀ) ਵਰਕ ਪਰਮਿਟ ਨਾਲ ਆਏ ਹਨ, ਜਿਸ ਲਈ ਰਸਮੀ ਟਰੇਨਿੰਗ ਦੇ ਹੇਠਲੇ ਪੱਧਰ ਦੀ ਲੋੜ ਸੀ (ਸੀ ਅਤੇ ਡੀ ਪੱਧਰਾਂ ਦੇ ਕਿੱਤੇ ਜਿਵੇਂ ਕਿ ਨੈਸ਼ਨਲ ਆਕੂਪੇਸ਼ਨਜ਼ ਕਲਾਸੀਫੀਕੇਸ਼ਨ, ਐੱਨ ਓ ਸੀ ਵਿਚ ਦੱਸਿਆ ਗਿਆ ਹੈ), ਉਨ੍ਹਾਂ ਕੋਲ ਪ੍ਰਮਾਨੈਂਟ ਰੈਜ਼ੀਡੈਂਟ ਵੀਜ਼ਾ ਹਾਸਲ ਕਰਨ ਦੇ ਲਗਭਗ ਕੋਈ ਅਸਲੀ ਰਾਹ ਨਹੀਂ ਹਨ।

ਤੁਹਾਡੇ ਟੀ ਐੱਫ ਡਬਲਯੂ ਵਰਕ ਪਰਮਿਟ ਵਿਚ ਦੱਸੇ ਗਏ ਮੁਢਲੇ ਕੰਮ ਅਤੇ ਕੰਮ-ਮਾਲਕ (ਇਮਪਲੌਏਅਰ) ਅਧੀਨ ਜੌਬ ਕੌਨਟਰੈਕਟ ਨੂੰ ਵਧਾਉਣਾ, ਤੁਹਾਡੇ ਵੀਜ਼ੇ ਅਤੇ ਘੱਟ ਹੁਨਰਾਂ ਵਾਲੇ ਵਰਕਰ ਵਜੋਂ ਤੁਹਾਡੇ ਵਰਕ ਪਰਮਿਟ ਦੀ ਮਿਆਦ ਵਧਾਉਣ ਵਿਚ ਮਦਦ ਕਰ ਸਕਦਾ ਹੈ। ਪਰ ਆਪਣੇ ਵੀਜ਼ੇ ਅਤੇ ਵਰਕ ਪਰਮਿਟ ਦੀ ਮਿਆਦ ਮੁੱਕਣ ਤੋਂ ਪਹਿਲਾਂ ਜਾਂ ਮਿਆਦ ਪੁੱਗਣ ਦੀ ਤਾਰੀਕ ਨੂੰ ਤੁਹਾਨੂੰ ਅਜੇ ਵੀ ਕੈਨੇਡਾ ਛੱਡ ਕੇ ਜਾਣਾ ਪਵੇਗਾ। ਇਸ ਵੇਲੇ, ਆਰਜ਼ੀ ਬਦੇਸ਼ੀ ਵਰਕਰਾਂ ਨੂੰ ਕੈਨੇਡਾ ਵਿਚ ਘੱਟ ਹੁਨਰਾਂ ਵਾਲੇ ਟੀ ਐੱਫ ਡਬਲਯੂ ਵਜੋਂ ਕਾਨੂੰਨੀ ਤੌਰ 'ਤੇ ਦੁਬਾਰਾ ਕੰਮ ਕਰਨ ਦੇ ਯੋਗ ਹੋਣ ਤੋਂ ਪਹਿਲਾਂ 6 ਸਾਲ ਉਡੀਕ ਕਰਨੀ ਪੈਂਦੀ ਹੈ। ਬੀ ਸੀ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ (ਪੀ ਸੀ ਪੀ ਐੱਨ ਪੀ) ਦੇ ਇੰਟਰੀ-ਲੈਵਲ ਅਤੇ ਸੈਮੀ-ਸਕਿਲਡ ਪਾਇਲਟ ਪ੍ਰੋਜੈਕਟ, ਘੱਟ ਹੁਨਰਾਂ ਵਾਲੇ ਟੀ ਐੱਫ ਡਬਲਯੂਜ਼ ਲਈ ਪ੍ਰਮਾਨੈਂਟ ਰੈਜ਼ੀਡੈਂਟ ਦਾ ਦਰਜਾ ਮੰਗਣ ਦਾ ਬਹੁਤ ਸੀਮਤ ਪਰ ਸ਼ਾਇਦ ਇੱਕੋ ਇਕ ਰਾਹ ਹੈ। ਇਸ ਪ੍ਰੋਜੈਕਟ ਅਧੀਨ, ਬੀ ਸੀ ਪੀ ਐੱਨ ਪੀ ਲਈ ਅਪਲਾਈ ਕਰਨ ਦੇ ਯੋਗ ਹੋਣ ਲਈ, ਬਦੇਸ਼ੀ ਵਰਕਰਾਂ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆ ਵਿਚ ਕਿਸੇ ਕੰਮ-ਮਾਲਕ ਲਈ ਲਗਾਤਾਰ ਘੱਟੋ ਘੱਟ ਨੌਂ ਮਹੀਨਿਆਂ ਲਈ ਫੁੱਲ-ਟਾਈਮ ਕੰਮ ਕਰ ਰਹੇ ਹਨ; ਉਸ ਕੰਮ-ਮਾਲਕ ਲਈ, ਬੀ ਸੀ ਪੀ ਐੱਨ ਪੀ ਹੇਠਲੇ ਕਿੱਤਿਆਂ ਵਿੱਚੋਂ ਇਕ ਵਿਚ ਪੱਕੀ ਫੁੱਲ-ਟਾਈਮ ਨੌਕਰੀ ਲਈ ਜੌਬ ਕੌਨ-ਟਰੈਕਟ ਕਰਕੇ ਸਪੌਂਸਰ ਕਰਨਾ ਜ਼ਰੂਰੀ ਹੈ (ਟੂਰਿਜ਼ਮ ਅਤੇ ਮਹਿਮਾਨ ਨਿਵਾਜ਼ੀ; ਟਰੱਕ ਚਲਾਉਣਾ, ਅਤੇ ਫੂਡ ਪ੍ਰੋਸੈੱਸ ਕਰਨ ਵਾਲੀਆਂ ਇੰਡਸਟਰੀਆਂ)। ਘੱਟ ਹੁਨਰਾਂ ਵਾਲੇ ਬਦੇਸ਼ੀ ਵਰਕਰਾਂ ਦੇ ਅੰਗਰੇਜ਼ੀ ਜ਼ਬਾਨ ਦੇ ਸੀਮਤ ਹੁਨਰ, ਉਨ੍ਹਾਂ ਦੀਆਂ ਕੰਮ ਦੀਆਂ ਰਸਮੀ ਤੌਰ 'ਤੇ ਬਹੁਤ ਘੱਟ ਜਾਂ ਕੋਈ ਯੋਗਤਾਵਾਂ ਨਾ ਹੋਣਾ, ਅਤੇ ਖਾਸ ਕਿੱਤਿਆਂ ਵਿੱਚੋਂ ਕਿਸੇ ਵਿਚ ਬੀ ਸੀ ਵਿਚ ਕਾਨੂੰਨੀ ਤੌਰ 'ਤੇ ਕੰਮ ਦਾ ਤਜਰਬਾ ਹਾਸਲ ਕਰਨ ਦੀ ਅਸੰਭਾਵਨਾ, ਘੱਟ ਹੁਨਰਾਂ ਵਾਲੇ ਟੀ ਐੱਫ ਡਬਲਯੂਜ਼ ਲਈ, ਬੀ ਸੀ ਪੀ ਐੱਨ ਪੀ ਰਾਹੀਂ ਪ੍ਰਮਾਨੈਂਟ ਰੈਜ਼ੀਡੈਂਟ ਵੀਜ਼ੇ ਲਈ ਯੋਗ ਹੋਣ ਨੂੰ ਤਕਰੀਬਨ ਅਸੰਭਵ ਬਣਾਉਂਦੇ ਹਨ।

## ਜੇ ਟੀ ਐੱਫ ਡਬਲਯੂਜ਼ ਆਪਣੇ ਵਰਕ ਪਰਮਿਟ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਤਾਂ ਕੀ ਹੁੰਦਾ ਹੈ?

ਘੱਟ ਹੁਨਰਾਂ ਵਾਲੇ ਟੀ ਐੱਫ ਡਬਲਯੂਜ਼ ਤੋਂ ਆਪਣੇ ਪਿਛਲੇ ਦੇਸ਼ ਨੂੰ ਵਾਪਸ ਜਾਣ ਦੀ ਉਮੀਦ ਕੀਤੀ ਜਾਂਦੀ ਹੈ ਜਦੋਂ ਉਹ ਆਪਣੇ ਵਰਕ ਪਰਮਿਟ ਦੀਆਂ ਸ਼ਰਤਾਂ ਪੂਰੀਆਂ ਨਾ ਕਰਦੇ ਹੋਣ ਜਾਂ ਜਦੋਂ ਉਨ੍ਹਾਂ ਦਾ ਕੰਮ ਜਾਂਦਾ ਰਹੇ। ਬਦੇਸ਼ੀ ਵਰਕਰ ਆਪਣੇ ਵਰਕ ਪਰਮਿਟ ਦੀਆਂ ਸ਼ਰਤਾਂ ਵਿਚ ਤਬਦੀਲੀ ਕਰਨ ਦੇ ਯੋਗ ਹੋ ਸਕਦੇ ਹਨ ਅਤੇ ਇਸ ਕਰਕੇ ਫੌਰਨ ਵਰਕਰ ਪ੍ਰੋਗਰਾਮ ਅਧੀਨ ਕੈਨੇਡਾ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨਾ ਜਾਰੀ ਰੱਖ ਸਕਦੇ ਹਨ ਪਰ ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕਿੰਨੇ ਹੋਰ ਮਹੀਨਿਆਂ ਲਈ ਉਨ੍ਹਾਂ ਦਾ ਆਰਜ਼ੀ ਵਿਜ਼ਟਰ ਵੀਜ਼ਾ ਯੋਗ ਹੈ। ਘੱਟ ਹੁਨਰਾਂ ਵਾਲੇ ਜਿਹੜੇ ਟੀ ਐੱਫ ਡਬਲਯੂਜ਼ ਕਿਸੇ ਵੀ ਕਾਰਨ ਕਰਕੇ ਕੈਨੇਡਾ ਵਿਚ ਬੇਰੁਜ਼ਗਾਰ ਹੋ ਜਾਂਦੇ ਹਨ, ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਦੋਂ ਤੱਕ ਕੈਨੇਡਾ ਵਿਚ ਕੋਈ ਹੋਰ ਕੰਮ ਨਾ ਕਰਨ ਜਿੰਨਾ ਚਿਰ ਉਹ ਆਪਣੇ ਮੁਢਲੇ ਵਰਕ ਪਰਮਿਟ ਦੀਆਂ ਸ਼ਰਤਾਂ ਵਿਚ ਕਾਮਯਾਬੀ ਨਾਲ ਤਬਦੀਲੀ ਨਹੀਂ ਕਰਵਾ ਲੈਂਦੇ। ਬਦੇਸ਼ੀ ਵਰਕਰਾਂ ਲਈ ਸਿਰਫ ਉਸ ਕੰਮ-ਮਾਲਕ ਨਾਲ ਹੀ ਕੰਮ ਕਰਨਾ ਜ਼ਰੂਰੀ ਹੈ ਜਿਸ ਨੇ ਕਿਸੇ ਬਦੇਸ਼ੀ ਵਰਕਰ ਨੂੰ ਕੰਮ 'ਤੇ ਰੱਖਣ ਲਈ ਪੌਜ਼ਟਿਵ ਲੇਬਰ ਮਾਰਕੀਟ ਓਪੀਨੀਅਨ (ਐੱਲ ਐੱਮ ਓ) ਲਿਆ ਹੋਇਆ ਹੈ । ਘੱਟ ਹੁਨਰਾਂ ਵਾਲੇ ਜਿਹੜੇ ਟੀ ਐੱਫ ਡਬਲਯੂਜ਼, ਘੱਟ ਹੁਨਰਾਂ ਵਾਲੇ ਕਿਸੇ ਕੰਮ ਤੋਂ ਟਰੇਨਿੰਗ ਦੇ ਜ਼ਿਆਦਾ ਪੱਧਰ ਦੀ ਲੋੜ ਵਾਲੇ ਕੰਮ 'ਤੇ ਮੂਵ ਹੋਣਾ ਚਾਹੁੰਦੇ ਹਨ, ਜਿਸ ਲਈ ਪੌਜ਼ਟਿਵ ਐੱਲ ਐੱਮ ਓ ਮੌਜੂਦ ਹੈ, ਉਨ੍ਹਾਂ ਲਈ ਪਹਿਲਾਂ ਲੋੜੀਂਦਾ ਵਰਕ ਪਰਮਿਟ ਹਾਸਲ ਕਰਨ ਲਈ ਰਸਮੀ ਕਾਰਵਾਈ ਦੀ ਪਾਲਣਾ ਕਰਨਾ ਜ਼ਰੂਰੀ ਹੈ।



## ਮੈਨੂੰ ਆਪਣੇ ਕੰਮ ਦਾ ਰਿਕਾਰਡ (ਆਰ ਓ ਈ) ਕਿੱਥੋਂ ਮਿਲ ਸਕਦਾ ਹੈ?

ਤੁਹਾਨੂੰ ਆਪਣੀ ਇਮਪਲੌਏਮੈਂਟ ਇਨਸ਼ੋਰੈਂਸ (ਈ ਆਈ) ਜਾਂ ਆਪਣੀ ਓਲਡ ਏਜ (ਸੀ ਪੀ ਪੀ) ਯੋਗਦਾਨ ਤੱਕ ਪਹੁੰਚ ਕਰਨ ਲਈ ਆਪਣੇ ਆਰ ਓ ਈ ਦੀ ਲੋੜ ਪਵੇਗੀ। ਤੁਹਾਡੀ ਆਰ ਓ ਈ, ਸੀ ਪੀ ਪੀ ਵਿਚ ਯੋਗਦਾਨ, ਅਤੇ ਈ ਆਈ ਕਲੇਮਾਂ ਦੀ ਜਾਣਕਾਰੀ ਇੰਟਰਨੈੱਟ ਰਾਹੀਂ ਔਨਲਾਈਨ ਉਪਲਬਧ ਹੈ ਜੋ ਕਿ ਸਰਵਿਸ ਕੈਨੇਡਾ ਦੇ ਵੈੱਬਸਾਈਟ http://www.servicecanada.gc.ca/eng/online/mysca.shtml 'ਤੇ ਜਾ ਕੇ ਦੇਖੀ ਜਾ ਸਕਦੀ ਹੈ।

ਇਸ ਵੈੱਬਸਾਈਟ 'ਤੇ ਆਪਣੀਆਂ ਫਾਇਲਾਂ ਦੇਖਣ ਲਈ ਤੁਹਾਨੂੰ ਇਕ ਅਕਾਊਂਟ (ਈਪਾਸ) ਬਣਾਉਣ ਦੀ ਲੋੜ ਪਵੇਗੀ: ਤੁਹਾਨੂੰ ਆਪਣੀ ਯੂਜ਼ਰ ਆਈ ਡੀ, ਪਾਸਵਰਡ ਬਣਾਉਣ ਅਤੇ ਆਪਣਾ ਸੋਸ਼ਲ ਇਨਸ਼ੋਰੈਂਸ ਨੰਬਰ ਇੰਟਰ ਕਰਨ ਲਈ ਕਿਹਾ ਜਾਵੇਗਾ।

ਇਸ ਦੇ ਬਦਲ ਵਜੋਂ ਤੁਸੀਂ ਆਪਣੇ ਨੇੜੇ ਦੇ ਸਰਵਿਸ ਕੈਨੇਡਾ ਦੇ ਦਫਤਰ ਵਿਚ ਜਾ ਸਕਦੇ ਹੋ ਜਿੱਥੋਂ ਤੁਸੀਂ ਆਪਣਾ ਆਰ ਓ ਈ ਲੈਣ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ ਜਾਂ ਈ ਆਈ ਲਈ ਅਪਲਾਈ ਕਰਨ ਵਿਚ ਮਦਦ ਮੰਗ ਸਕਦੇ ਹੋ। ਆਪਣੇ ਨੇੜੇ ਦੇ ਦਫਤਰਾਂ ਬਾਰੇ ਪੁੱਛਣ ਲਈ ਸਰਵਿਸ ਕੈਨੇਡਾ ਨੂੰ 1 800 O-Canada (1-800-622-6232) 'ਤੇ ਮੁਫਤ ਫੋਨ ਕਰੋ; ਜਾਂ ਇਹ ਵੈੱਬਸਾਈਟ ਦੇਖੋ: http://www.servicecanada.gc.ca/cgi-bin/hr-search.cgi?app=lst&pv=bc&ot=&ln=eng

## ਕੀ ਮੇਰਾ ਕੰਮ-ਮਾਲਕ ਮੈਨੂੰ ਦੇਸ਼ ਨਿਕਾਲਾ ਦਿਵਾ ਸਕਦਾ ਹੈ?

ਨਹੀਂ। ਤੁਹਾਡੇ ਕੰਮ-ਮਾਲਕ ਕੋਲ ਘੱਟ ਹੁਨਰਾਂ ਵਾਲੇ ਕਿਸੇ ਟੀ ਐੱਫ ਡਬਲਯੂ ਨੂੰ ਕੈਨੇਡਾ ਤੋਂ ਕੱਢਣ (ਡੀਪੋਰਟ ਕਰਨ) ਦਾ ਕੋਈ ਅਧਿਕਾਰ ਨਹੀਂ ਹੈ।

ਦੇਸ਼ ਵਿੱਚੋਂ ਕੱਢਣ ਜਾਂ ਡੀਪੋਰਟ ਕਰਨ ਦਾ ਆਰਡਰ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐੱਸ ਏ) ਦੇ ਕਿਸੇ ਅਫਸਰ ਵਲੋਂ ਜਾਂ ਇਮੀਗਰੇਸ਼ਨ ਐਂਡ ਰਫਿਊਜੀ ਬੋਰਡ (ਆਈ ਆਰ ਬੀ) ਦੇ ਕਿਸੇ ਮੈਂਬਰ ਵਲੋਂ ਜਾਰੀ ਕੀਤਾ ਜਾਣਾ ਜ਼ਰੂਰੀ ਹੈ। *ਇਮੀਗਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ* (ਆਈ ਆਰ ਪੀ ਏ) ਨੂੰ ਲਾਗੂ ਕਰਨ ਦੇ ਹਿੱਸੇ ਵਜੋਂ, ਸੀ ਬੀ ਐੱਸ ਏ ਕੈਨੇਡਾ ਵਿੱਚੋਂ ਕਿਸੇ ਵੀ ਉਸ ਵਿਅਕਤੀ ਨੂੰ ਕੱਢ ਸਕਦੀ ਹੈ ਜਿਸ ਨੂੰ ਐਕਟ ਦੀ ਉਲੰਘਣਾ ਕਰਨ ਕਰਕੇ ਕੱਢਣ ਦਾ (ਰੀਮੂਵਲ) ਆਰਡਰ ਜਾਰੀ ਕੀਤਾ ਗਿਆ ਹੈ। ਖਾਸ ਹਾਲਤਾਂ ਵਿਚ, ਕੱਢਣ ਦੇ ਆਰਡਰ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ। ਲੋਕਾਂ ਨੂੰ ਕੈਨੇਡਾ ਵਿੱਚੋਂ ਕੱਢਿਆ ਨਹੀਂ ਜਾ ਸਕਦਾ ਜੇ ਉਨ੍ਹਾਂ ਨੇ ਕੱਢਣ ਦੇ ਆਰਡਰ ਵਿਰੁੱਧ ਅਪੀਲ ਕੀਤੀ ਹੋਈ ਹੈ ਅਤੇ ਅਪੀਲ ਦਾ ਅਜੇ ਫੈਸਲਾ ਨਹੀਂ ਹੋਇਆ, ਜੇ ਉਹ ਕਿਸੇ ਹੋਰ ਕਾਨੂੰਨੀ ਕਾਰਵਾਈ ਵਿਚ ਸ਼ਾਮਲ ਹਨ ਜਾਂ ਜੇ ਉਹ ਹਿਫਾਜ਼ਤ ਦੀ ਲੋੜ ਵਾਲੇ ਲੋਕ ਸਮਝੇ ਗਏ ਹਨ।

ਟੀ ਐੱਫ ਡਬਲਯੂਜ਼ ਨੂੰ ਕੱਢਿਆ ਜਾਂ ਡੀਪੋਰਟ ਕੀਤਾ ਜਾ ਸਕਦਾ ਹੈ ਜੇ ਉਹ ਆਪਣੇ ਵਰਕ ਪਰਮਿਟ ਦੀਆਂ ਖਾਸ ਸ਼ਰਤਾਂ ਦੀ ਉਲੰਘਣਾ ਕਰਦੇ ਪਾਏ ਗਏ ਹਨ: ਅਜਿਹੀਆਂ ਉਲੰਘਣਾਵਾਂ ਦੀਆਂ ਉਦਾਹਰਣਾਂ ਹਨ: ਆਪਣੇ ਵਰਕ ਪਰਮਿਟ ਵਿਚ ਦੱਸੀ ਗਈ ਕੰਪਨੀ ਦੀ ਥਾਂ ਕਿਸੇ ਹੋਰ ਕੰਪਨੀ ਲਈ ਕੰਮ ਕਰਨਾ, ਜਾਂ ਆਈ ਆਰ ਪੀ ਏ ਦੀ ਕਿਸੇ ਸ਼ਰਤ ਦੀ ਪਾਲਣਾ ਕਰਨ ਵਿਚ ਫੇਲ੍ਹ ਹੋਣਾ। ਕੈਨੇਡਾ ਦੀ ਸੁਰੱਖਿਆ ਲਈ ਖਤਰਾ ਬਣਨਾ ਜਾਂ ਆਪਣੇ ਵੀਜ਼ੇ ਦੀ ਮਿਆਦ ਤੋਂ ਜ਼ਿਆਦਾ ਚਿਰ ਰਹਿਣਾ ਅਤੇ/ਜਾਂ ਮਿਆਦ ਮੁੱਕੀ ਵਾਲਾ ਵਰਕ ਪਰਮਿਟ ਹੋਣਾ ਵੀ ਦੇਸ਼ ਨਿਕਾਲੇ ਲਈ ਕਾਰਨ ਸਮਝੇ ਜਾ ਸਕਦੇ ਹਨ।

ਸੀ ਬੀ ਐੱਸ ਏ ਕੋਲ ਟੀ ਐੱਫ ਡਬਲਯੂਜ਼ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਰੋਕਣ ਦੀ ਤਾਕਤ ਵੀ ਹੈ ਭਾਵੇਂ ਉਹ ਕੈਨੇਡਾ ਦੇ ਬਾਰਡਰਾਂ 'ਤੇ ਕਾਨੂੰਨੀ ਵੀਜ਼ੇ ਅਤੇ ਵਰਕ ਪਰਮਿਟ ਨਾਲ ਵੀ ਪਹੁੰਚ ਗਏ ਹੋਣ।

ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੇ ਵੈੱਬਸਾਈਟ http://www.cic.gc.ca/english/visit/inadmissibility.asp 'ਤੇ "ਆਈ ਆਰ ਪੀ ਏ ਦੀ ਕਿਸੇ ਵੀ ਸ਼ਰਤ ਦੀ ਪਾਲਣਾ ਕਰਨ ਵਿਚ ਫੇਲ੍ਹ ਹੋਣਾ" ਬਾਰੇ ਜਾਣੋ।

ਸੀ ਬੀ ਐੱਸ ਏ ਦੀ ਇੰਟਰਨੈੱਟ 'ਤੇ ਤੱਥ ਸ਼ੀਟ 'ਤੇ ਕੱਢਣ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਬਾਰੇ ਜਾਣੋ: http://www.cbsa-asfc.gc.ca/media/facts-faits/051-eng.html